Punjabi – Number 90b
August 2021

# ਬੀ.ਸੀ. ਦੇ ਜੰਗਲਾਂ ਵਿੱਚ ਹਵਾਈ ਛਿੜਕਾਅ
# Aerial Spraying in B.C.'s Forests

## ਕਿਹੜੇ ਕੀੜਿਆਂ ਦਾ ਇਲਾਜ ਕੀਤਾ ਜਾ ਰਿਹਾ ਹੈ?

ਬੀ.ਸੀ. ਦੇ ਜੰਗਲ ਕਈ ਪੱਤੇ ਝਾੜਨ ਵਾਲੇ (defoliating) ਕੀੜਿਆਂ ਦਾ ਘਰ ਹਨ, ਜੋ ਉਹ ਕੀੜੇ ਹੁੰਦੇ ਹਨ ਜੋ ਪੇੜਾਂ ਅਤੇ ਝਾੜੀਆਂ ਦੇ ਪੱਤਿਆਂ ਨੂੰ ਖਾਂਦੇ ਹਨ। ਹਾਲਾਂਕਿ ਇੰਨਾਂ ਵਿਚੋਂ ਜਿਆਦਾਤਰ ਆਪਣੇ ਦੁਆਰਾ ਖਾਏ ਜਾਣ ਵਾਲੇ ਪੌਧਿਆਂ ਨੂੰ ਬਹੁਤ ਘੱਟ ਤੋਂ ਕੋਈ ਗੰਭੀਰ ਨੁਕਸਾਨ ਨਹੀਂ ਪਹੁੰਚਾਉਂਦੇ, ਕੁਝ ਜਾਤੀਆਂ ਅਜਿਹੀਆਂ ਹਨ ਜੋ ਜੰਗਲਾਂ ਦੀ ਸਿਹਤ ਅਤੇ ਉਤਪਾਦਕਤਾ ਲਈ ਹਾਨੀਕਾਰਕ ਹੋ ਸਕਦੀਆਂ ਹਨ।

ਬੀਸੀ ਦੀ ਮਨਿਸਟਰੀ ਆਫ ਫੌਰੈਸਟਸ, ਲੈਂਡਜ, ਨੈਚੁਰਲ ਰਿਸੋਰਸ ਆਪਰੇਸ਼ਨਜ ਐਂਡ ਰੂਰਲ ਡਿਵੇਲਪਮੈਂਟ (FLNRORD) ਇਸ ਨੁਕਸਾਨ ਨੂੰ ਘਟਾਉਣ ਅਤੇ ਸਾਡੇ ਦਰਖਤਾਂ ਨੂੰ ਹੇਠਾਂ ਦਿੱਤੇ ਪਤੰਗਿਆਂ ਤੋਂ ਸੁਰੱਖਿਅਤ ਰੱਖਣ ਬਾਰੇ ਚਿੰਤਤ ਹੈ:

- ਪੱਛਮੀ ਸਪਰੂਸ ਬੱਡਵਰਮ (Western spruce budworm)
- ਡਗਲਸ-ਫ਼ਰ ਟਸੌਕ ਮੌਥ (Douglas-fir tussock moth)
- ਪੱਛਮੀ ਹੈਮਲੌਕ ਲੂਪਰ (Western hemlock looper)

## ਇਹ ਪਤੰਗੇ ਚਿੰਤਾ ਦਾ ਕਾਰਨ ਕਿਉਂ ਹਨ?

ਇਹ ਪਤੰਗੇ ਆਕਰਮਣਸ਼ੀਲ ਖਾਣ ਵਾਲੇ ਹਨ ਅਤੇ ਆਪਣੇ ਮੇਜਬਾਨ ਪੇੜਾਂ ਤੋਂ ਪੱਤੇ ਝਾੜ ਸਕਦੇ ਹਨ (defoliation)। ਡੀਫੋਲੀਏਸ਼ਨ ਕਰਕੇ ਹੋਣ ਵਾਲਾ ਨੁਕਸਾਨ ਵਾਧੇ ਵਿੱਚ ਕਮੀ, ਕਮਜ਼ੋਰ ਵਿਕਾਸ, ਤਣਿਆਂ ਦੇ ਵਿਗਾੜਾਂ ਅਤੇ ਪੇੜ ਦੀ ਮੌਤ ਦਾ ਕਾਰਨ ਤੱਕ ਬਣ ਸਕਦਾ ਹੈ।

ਡਗਲਸ-ਫ਼ਰ ਟਸੌਕ ਮੌਥ (Douglas-fir tussock moth) ਦੇ ਹਵਾ ਵਿਚਲੇ ਵਾਲ, ਰੇਸ਼ਮੀ ਧਾਗੇ ਅਤੇ ਵੱਡੇ ਪੈਮਾਨੇ ਦੇ ਸੰਕ੍ਰਮਣ ਦੌਰਾਨ ਉਤਾਰੀਆਂ ਗਈਆਂ ਚਮੜੀਆਂ ਦੇ ਨਾਲ ਮਨੁੱਖੀ ਸੰਪਰਕ ਕਰਕੇ ਅਲਰਜਿਕ ਪ੍ਰਤੀਕਿਰਿਆਵਾਂ ਹੋਈਆਂ ਹਨ। ਉਦਾਹਰਣਾਂ ਵਿੱਚ ਸ਼ਾਮਲ ਹਨ ਚਮੜੀ ਦੇ ਰੈਸ਼ ਅਤੇ ਸਾਹ ਦੀ ਨਲੀ ਦੇ ਉਪਰਲੇ ਖੇਤਰ ਸੰਬੰਧੀ ਸੰਭਾਵਿਤ ਲੱਛਣ। ਪਤੰਗਿਆਂ ਦੀਆਂ ਆਬਾਦੀਆਂ ਦੀਆਂ ਆਉਟਬ੍ਰੇਕਾਂ (ਵਿਗਾੜ ਦਾ ਤੇਜੀ ਨਾਲ ਫੈਲਣਾ) ਆਮ ਤੌਰ ਤੇ ਉਨ੍ਹਾਂ ਨੀਵੀਆਂ ਥਾਵਾਂ ਵਿੱਚ ਵਾਪਰਦੀਆਂ ਹਨ ਜੋ ਅਕਸਰ ਲੋਕਾਂ ਦੁਆਰਾ ਅਬਾਦ ਹੁੰਦੀਆਂ ਹਨ। ਸੰਪਰਕ ਪ੍ਰਭਾਵਿਤ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਲਈ ਕਾਫੀ ਜਿਆਦਾ ਬੇਅਰਾਮੀ ਅਤੇ ਪਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ।

## ਪਤੰਗਿਆਂ ਦੀਆਂ ਇੰਨਾਂ ਅਬਾਦੀਆਂ ਨੂੰ ਕਿਵੇਂ ਨਿਯੰਤਰਿਤ ਕੀਤਾ ਜਾ ਰਿਹਾ ਹੈ?

ਬੀ.ਸੀ. ਵਿੱਚ ਡੀਫੋਲੀਏਟਰ (defoliator) ਅਬਾਦੀਆਂ ਦੀ ਨਿਗਰਾਨੀ ਲਈ ਕਈ ਢੰਗ ਵਰਤੇ ਜਾਂਦੇ ਹਨ। ਉਦਾਹਰਣਾਂ ਵਿੱਚ ਸ਼ਾਮਲ ਹਨ ਫੇਰਮੋਨ ਟ੍ਰੈਪਿੰਗ (pheromone trapping) ਅੰਡਿਆਂ ਦੀ ਗਿਣਤੀ (egg counts) ਅਤੇ ਅਬਾਦੀਆਂ ਦੀ ਨਿਗਰਾਨੀ ਲਈ ਡੀਫੋਲੀਏਸ਼ਨ ਮੈਪਿੰਗ (defoliation mapping)।

ਵੱਡੇ ਜਾਂ ਪਹੁੰਚਣ ਵਿੱਚ ਮੁਸ਼ਕਲ ਖੇਤਰਾਂ ਵਿੱਚ ਡੀਫੋਲੀਏਟਰ (defoliator) ਅਬਾਦੀਆਂ ਦੁਆਰਾ ਕੀਤੇ ਗਏ ਨੁਕਸਾਨ ਨੂੰ ਘਟਾਉਣ ਲਈ ਫੋਰੇ 48ਬੀ® (Foray 48B®) ਦੇ ਨਾਲ ਹਵਾਈ ਛਿੜਕਾਅ ਵਰਤਿਆ ਜਾਂਦਾ ਹੈ।

ਫੋਰੇ 48ਬੀ® (Foray 48B®) *ਬੈਸੀਲਸ ਥੁਰਿੰਜੀਐਨਸਿਸ (Bacillus thuringiensis)* ਨਾਮ ਦੇ ਬੈਕਟੀਰੀਅਮ ਦੀ *ਕੁਰਸਟਾਕੀ* ਕਿਸਮ ਬੀਟੀਕੇ (*kurstaki* (Btk)) ਵਾਲਾ ਪਾਣੀ ਅਧਾਰਤ ਉਤਪਾਦ ਹੈ। ਤੁਸੀਂ ਬੀਟੀਕੇ (Btk) ਨੂੰ ਕੁਦਰਤੀ ਤੌਰ ਤੇ ਮਿੱਟੀ ਵਿੱਚ ਪਾ ਸਕਦੇ ਹੋ। ਇਹ ਖਾ ਲਏ ਜਾਣ 'ਤੇ ਸਿਰਫ ਪਤੰਗੇ ਅਤੇ ਤਿੱਤਲੀ ਦੇ ਲਾਰਵੇ ਨੂੰ ਪ੍ਰਭਾਵਿਤ ਕਰਦਾ ਹੈ , ਜਿਸ ਵਿੱਚ ਕੀੜੇ ਦੀਆਂ ਜਾਤੀਆਂ ਜਿਵੇਂ ਕਿ ਲਾਈਮੈਂਟਰੀਆ (Lymantira) ਪਤੰਗਾ (ਜਿਸਨੂੰ ਪਹਿਲਾਂ ਜਿਪਸੀ ਪਤੰਗਾ ਕਿਹਾ ਜਾਂਦਾ ਸੀ) ਸ਼ਾਮਲ ਹਨ। ਸੁੰਡੀਆਂ ਜੀਵਨ ਦੇ ਮੁਢਲੇ ਪੜਾਆਂ ਵਿੱਚ ਹੋਣ ਦੇ ਦੌਰਾਨ ਬੀਟੀਕੇ (Btk) ਪ੍ਰਤੀ ਸਭ ਤੋਂ ਜਿਅਦਾ ਸੰਵੇਦਨਸ਼ੀਲ ਹੁੰਦੀਆਂ ਹਨ।

ਫੋਰੇ 48ਬੀ® (Foray 48B®) ਵਿੱਚ ਕਈ ਸਾਰੀਆਂ ਗਤੀਹੀਨ (ਸੁਸਤ) ਸਮੱਗਰੀਆਂ ਵੀ ਹੁੰਦੀਆਂ ਹਨ ਜੋ ਬੀਟੀਕੇ (Btk) ਦੀ ਕਾਰਗੁਜਾਰੀ ਨੂੰ ਬਿਹਤਰ ਬਣਾਉਂਦੀਆਂ ਹਨ। ਇੰਨਾਂ ਵਿੱਚੋਂ ਬਹੁਤ ਸਾਰੀਆਂ ਸਮੱਗਰੀਆਂ ਖਾਣੇ ਵਿੱਚ ਮਿਲਾਏ ਜਾ ਸਕਣ ਵਾਲੀਆਂ ਮਾਨਤਾ ਪ੍ਰਾਪਤ ਚੀਜ਼ਾਂ ਹੁੰਦੀਆਂ ਹਨ। ਕੋਈ ਵੀ ਪੈਟ੍ਰੋਲੀਅਮ ਪਦਾਰਥਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ।

ਫੋਰੇ 48ਬੀ® (Foray 48B®) ਲੋਕਾਂ, ਕੁੱਤਿਆਂ, ਬਿੱਲੀਆਂ, ਮੱਛਲੀਆਂ, ਪੰਛੀਆਂ, ਭੁਜੰਗਾਂ (reptiles), ਜਾਂ ਮਧੂ ਮੱਖੀਆਂ, ਬੀਟਲਾਂ ਜਾਂ ਮਕੜੀਆਂ ਵਰਗੇ ਕੀੜਿਆਂ ਲਈ ਹਾਨੀਕਾਰਕ ਨਹੀਂ ਹੈ। ਕੀੜਿਆਂ ਨੂੰ ਨਿਯੰਤਰਿਤ ਕਰਨ ਵਾਲੇ ਬੀਟੀਕੇ (Btk) ਉਤਪਾਦ ਕੈਨੇਡਾ ਵਿੱਚ ਵਰਤੋਂ ਵਾਸਤੇ ਲਗਭਗ 40 ਸਾਲਾਂ ਤੋਂ ਰਜਿਸਟਰਡ ਹਨ। ਇਹ ਹੁਣ ਦੁਨੀਆਂ ਭਰ ਵਿੱਚ ਕੀੜਿਆਂ ਨੂੰ ਨਿਯੰਤਰਿਤ ਕਰਨ ਵਾਲੇ ਸਭ ਤੋਂ ਵਿਆਪਕ ਤੌਰ ਤੇ ਵਰਤਿਆ ਜਾਣ ਵਾਲਾ ਉਤਪਾਦ ਹੈ।

## ਹਵਾਈ ਛਿੜਕਾਅ ਦੌਰਾਨ ਕੀ ਹੁੰਦਾ ਹੈ?

ਫੋਰੇ 48ਬੀ® (Foray 48B®) ਦਾ ਹਵਾਈ ਛਿੜਕਾਅ ਆਮਤੌਰ ਤੇ ਗਰਮੀ ਦੀ ਸ਼ੁਰੂਆਤ ਵਿੱਚ ਜੁਲਾਈ ਦੇ ਸ਼ੁਰੂ ਅਤੇ ਜੁਲਾਈ ਦੇ ਮੱਧ ਵਿੱਚ ਕੀੜਿਆਂ ਦੀਆਂ ਕਿਸਮਾਂ ਅਤੇ ਮੌਸਮ ਦੇ ਅਧਾਰ ਤੇ ਕੀਤਾ ਜਾਂਦਾ ਹੈ। ਛਿੜਕਾਅ ਸਵੇਰ ਵੇਲੇ ਬਹੁਤ ਜਲਦੀ ਕੀਤਾ ਜਾਂਦਾ ਹੈ। ਸੰਭਵ ਹੈ ਕਿ ਛਿੜਕਾਅ ਸਾਰਾ ਦਿਨ ਜਾਰੀ ਰਹੇ ਜਦੋਂ ਤੱਕ ਕਿ ਮੌਸਮ ਅਨੁਕੂਲ ਹੈ। ਹਰੇਕ ਖੇਤਰ ਦਾ ਆਮਤੌਰ ਤੇ ਕਿਸੇ ਇੱਕ ਮੌਸਮ ਵਿੱਚ ਸਿਰਫ ਇੱਕ ਵਾਰੀ ਹੀ ਉਪਚਾਰ ਕੀਤਾ ਜਾਂਦਾ ਹੈ। ਇੰਨਾਂ ਪ੍ਰਯੋਗਾਂ ਨੂੰ ਉਸ ਸਮੇਂ ਤੇ ਕੀਤਾ ਜਾਂਦਾ ਹੈ ਜਦੋਂ ਉਹ ਛੋਟੀਆਂ ਸੁੰਡੀਆਂ (caterpillars) ਦਾ ਉਪਚਾਰ ਉਸ ਵੇਲੇ ਕਰ ਸਕਣ ਜਦੋਂ ਉਨ੍ਹਾਂ ਨੂੰ ਬੀਟੀਕੇ (Btk) ਦਾ ਪ੍ਰਭਾਵ ਪੈਣ ਦਾ ਸਭ ਤੋਂ ਵੱਧ ਖਤਰਾ ਹੈ। ਉਪਚਾਰ ਦੇ ਖੇਤਰ ਦੇ ਮਾਪ, ਵਰਤੇ ਜਾਣ ਵਾਲੇ ਹਵਾਈ ਜਹਾਜ ਅਤੇ ਮੌਸਮ ਸੰਬੰਧੀ ਦੇਰੀਆਂ ਤੇ ਨਿਰਭਰ ਕਰਦੇ ਹੋਏ, ਇੱਕ ਪ੍ਰਯੋਗ ਪੂਰਾ ਕਰਨ ਲਈ ਕਈ ਸਵੇਰਾਂ ਲਗ ਸਕਦੀਆਂ ਹਨ।

ਉਪਚਾਰ ਦਾ ਖੇਤਰ ਜਿੰਨਾ ਉਹ ਅਸਲ ਵਿੱਚ ਹੈ ਨਾਲੋਂ ਵੱਡਾ ਪ੍ਰਤੀਤ ਹੋ ਸਕਦਾ ਹੈ ਕਿਉਂਕਿ ਜਹਾਜ ਉਪਚਾਰ ਦੇ ਖੇਤਰ ਤੋਂ ਬਾਹਰਲੇ ਖੇਤਰਾਂ ਵਿੱਚ ਮੁੜਦੇ ਹਨ। ਛਿੜਕਾਅ ਨੂੰ ਜੀ ਪੀ ਐਸ ਨੈਵੀਗੇਸ਼ਨ ਪ੍ਰਣਾਲੀ ਦੇ ਨਾਲ ਸਾਵਧਾਨੀ ਨਾਲ ਨਿਯੰਤਰਿਤ ਕੀਤਾ ਜਾਂਦਾ ਹੈ ਅਤੇ ਸਿਰਫ ਨਿਰਧਾਰਤ ਖੇਤਰਾਂ ਉਪਰ ਹੀ ਵਾਪਰਦਾ ਹੈ।

ਤੁਹਾਨੂੰ ਹਵਾਈ ਛਿੜਕਾਅ ਦੇ ਸਮੇਂ ਬਾਰੇ ਸਿੱਧੇ ਤੌਰ ਤੇ ਨਹੀਂ ਦੱਸਿਆ ਜਾਏਗਾ, ਪਰ ਉਪਚਾਰ ਦੀ ਆਮ ਮਿਆਦ ਨੂੰ ਉਪਚਾਰ ਦੇ ਖੇਤਰ ਦੇ ਨੇੜੇ ਸਾਇਨਾਂ ਤੇ ਪੋਸਟ ਕੀਤਾ ਜਾਏਗਾ ਸਥਾਨ ਦੁਆਰਾ ਸਾਲਾਨਾ ਡਿਫੋਲੀਏਟਰ ਉਪਚਾਰਾਂ ਬਾਰੇ ਵਧੇਰੇ ਜਾਣਕਾਰੀ ਲਈ, FLNRORD ਨਿਊਜ਼ ਵੈਬਪੇਜ ਤੇ ਜਾਉ: [www2.gov.bc.ca/gov/content/industry/forestry/managing-our-forest-resources/forest-health/news](www2.gov.bc.ca/gov/content/industry/forestry/managing-our-forest-resources/forest-health/news)।

ਸੰਭਵ ਹੈ ਕਿ ਉਪਚਾਰ ਤੋਂ ਬਾਅਦ ਤੁਸੀਂ ਪੁਰਾਣੀ ਮਿੱਟੀ ਦੀ ਮਹਿਕ ਸੁੰਘੋ ਅਤੇ ਸਖਤ ਤਲਾਂ ਅਤੇ ਖਿੜਕੀਆਂ ਤੇ ਪਾਣੀ ਦੀਆਂ ਬੂੰਦਾਂ ਦੇਖੋ। ਬੂੰਦਾਂ ਪਾਣੀ ਅਤੇ ਥੋੜਾ ਰਗੜਣ ਨਾਲ ਹਟਾਈਆਂ ਜਾ ਸਕਦੀਆਂ ਹਨ, ਪਰ ਆਖਿਰਕਾਰ ਇਹ ਆਪਣੇ ਆਪ ਹੀ ਗਾਇਬ ਹੋ ਜਾਣਗੀਆਂ।

## ਕੀ ਸਿਹਤ ਸੰਬੰਧੀ ਕੋਈ ਚਿੰਤਾਵਾਂ ਹਨ?

ਸਾਰੀਆਂ ਫਾਰਮੂਲੇਸ਼ਨਾਂ ਦਾ ਮੁਲਾਂਕਣ ਹੈਲਥ ਕੈਨੇਡਾ ਦੀ ਪੈਸਟ ਮੈਨੇਜਮੈਂਟ ਰੈਗੂਲੇਟਰੀ ਏਜੰਸੀ ਦੁਆਰਾ ਕੀਤਾ ਜਾਂਦਾ ਹੈ, ਜੋ ਕਿ ਉਨ੍ਹਾਂ ਦੀ ਚਮੜੀ ਜਾਂ ਅੱਖਾਂ ਵਿੱਚ ਜਲਣ/ਸੰਵੇਦਨਸ਼ੀਲਤਾ, ਅਤੇ ਗੰਭੀਰ ਜ਼ਹਿਰੀਲੇ ਪ੍ਰਭਾਵਾਂ ਦੇ ਕਾਰਨ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਵਾਨਤ ਵਿਗਿਆਨਕ ਪ੍ਰੋਟੋਕੋਲ ਦੇ ਅਨੁਸਾਰ ਹੈ। ਇਹ ਟੈਸਟ ਇਹ ਦਿਖਾਉਣ ਲਈ ਤਿਆਰ ਕੀਤੇ ਗਏ ਹਨ ਕਿ ਕੀ ਉਤਪਾਦ ਵਿੱਚ ਸਿਹਤ ਪ੍ਰਭਾਵ ਪੈਦਾ ਕਰਨ ਜਾਂ ਐਲਰਜੀ-ਕਿਸਮ ਦੀਆਂ ਪ੍ਰਤੀਕ੍ਰਿਆਵਾਂ ਨੂੰ ਟ੍ਰਿਗਰ ਕਰਨ ਦੀ ਯੋਗਤਾ ਹੈ। ਦਮੇ ਵਾਲੇ ਜਾਂ ਸਰੀਰ ਦੀ ਬੀਮਾਰੀ ਨਾਲ ਲੜਨ ਵਾਲੀ ਕਮਜ਼ੋਰ ਪ੍ਰਣਾਲੀਆਂ ਵਾਲੇ ਬਾਲਗਾਂ ਅਤੇ ਬੱਚਿਆਂ ਵਿੱਚ ਹਾਨੀਕਾਰਕ ਪ੍ਰਭਾਵਾਂ ਦੇ ਕੋਈ ਸਬੂਤ ਨਹੀਂ ਹਨ।

ਜੇ ਤੁਸੀਂ ਛਿੜਕਾਅ ਦੇ ਨਾਲ ਸੰਪਰਕ ਤੋਂ ਬਚਣਾ ਚਾਹੁੰਦੇ ਹੋ,ਤਾਂ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਹਵਾਈ ਛਿਕਾਅ ਹੋਣ ਤੋਂ ਪਹਿਲੀ ਸ਼ਾਮ ਨੂੰ ਖਿੜਕੀਆਂ ਬੰਦ ਕਰ ਲਓ ਅਤੇ ਤੁਹਾਡੀ ਪ੍ਰਾਪਰਟੀ ਅਤੇ ਨੇੜਲੇ ਖੇਤਰਾਂ ਤੇ ਛਿੜਕਾਅ ਕੀਤੇ ਜਾਣ ਦੌਰਾਨ ਅੰਦਰ ਰਹੋ। ਤੁਹਾਨੂੰ ਬਾਹਰ ਜਾਣ ਤੋਂ ਪਹਿਲਾਂ ਛਿੜਕਾਅ ਦੇ ਉੱਡ (ਖਿੰਡ) ਜਾਣ ਦਾ ਇੰਤਜਾਰ (ਆਮਤੌਰ ਤੇ ਇੱਕ ਘੰਟੇ ਦੇ ਅੰਦਰ, ਹਵਾ ਚਲੱਣ ਵਾਲੀ ਹਾਲਤ ਵਿੱਚ ਇਸ ਤੋਂ ਜਲਦੀ) ਕਰਨਾ ਚਾਹੀਦਾ ਹੈ। ਜੇ ਤੁਹਾਡੀਆਂ ਸਿਹਤ ਸੰਬੰਧੀ ਅਵਸਥਾਵਾਂ ਹਨ ਅਤੇ ਤੁਸੀਂ ਚਿੰਤਤ ਹੋ, ਤਾਂ ਤੁਹਾਨੂੰ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰਨੀ ਚਾਹੀਦੀ ਹੈ।

ਛਿੜਕਾਅ ਹੋਣ ਦੇ ਦੌਰਾਨ ਅੰਦਰ ਰਹਿਣ ਦੇ ਨਾਲ ਨਾਲ, ਤੁਹਾਨੂੰ ਚੰਗੀ ਸਫਾਈ ਸੰਬੰਧੀ ਆਦਰਸ਼ ਕਾਰਜਪ੍ਰਣਾਲੀਆਂ ਦੀ ਪਾਲਣਾ ਵੀ ਕਰਨੀ ਚਾਹੀਦੀ ਹੈ। ਇੰਨਾਂ ਵਿੱਚ ਸ਼ਾਮਲ ਹਨ:

- ਬਾਹਰ ਵਾਲੀਆਂ ਕੋਈ ਵੀ ਗਤੀਵਿਧੀਆਂ ਤੋਂ ਬਾਅਦ ਆਪਣੇ ਹੱਥ ਧੋਵੋ
- ਪ੍ਰਭਾਵਿਤ ਖੇਤਰਾਂ ਤੋਂ ਇਕੱਠੇ ਕੀਤੇ ਗਏ ਸਾਰੇ ਫਲਾਂ ਅਤੇ ਸਬਜ਼ੀਆਂ ਨੂੰ ਖਾਣ ਜਾਂ ਪਕਾਉਣ ਤੋਂ ਪਹਿਲਾਂ ਧੋਵੋ

## ਹੋਰ ਜਾਣਕਾਰੀ ਲਈ

ਲਾਈਮੈਂਟਰੀਆ (Lymantira) ਪਤੰਗੇ ਲਈ ਛਿੜਕਾਅ ਬਾਰੇ ਜਾਣਕਾਰੀ ਲਈ, HealthLinkBC File #90a ਲਾਈਮੈਂਟਰੀਆ ਪਤੰਗੇ ਲਈ ਛਿੜਕਾਅ ਦੇਖੋ।